# ਸ਼ੇਖ ਫ਼ਰੀਦ - ਸਬਦ ੧੨੮

## ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥

ਸਾਰ: ਬੇਚੈਨ ਮਨ ਨਾਲ ਕੀਤੀ ਅੰਤਰੀਵੀ ਖੋਜ ਉਸ ਮਨੁੱਖ ਵਾਂਗ ਹੁੰਦੀ ਹੈ ਜੋ ਨਿਰਮਲ ਪਾਣੀ ਦੀ ਭਾਲ ਵਿਚ ਕਈ ਥਾਵਾਂ 'ਤੇ ਛੋਟੇ-ਛੋਟੇ ਟੋਏ ਪੁੱਟਦਾ ਰਹਿੰਦਾ ਹੈ। ਹਰ ਉਦਮ ਕਿਸੇ ਆਸ ਨਾਲ ਸ਼ੁਰੂ ਹੁੰਦਾ ਹੈ, ਪਰ ਧੁਰ ਅੰਦਰ ਤੱਕ ਇੰਨਾ ਨਹੀਂ ਉਤਰਦਾ ਕਿ ਉਹ ਅਸਲ ਪਾਲਣਹਾਰ ਸਤਾ ਤੱਕ ਪਹੁੰਚ ਸਕੇ। ਨਿਰੰਤਰ ਮਿਹਨਤ ਚਲਦੀ ਰਹਿੰਦੀ ਹੈ ਪਰ ਗੰਭੀਰਤਾ ਦੀ ਘਾਟ ਬਣੀ ਰਹਿੰਦੀ ਹੈ। ਇਸ ਤਰ੍ਹਾਂ ਸੂਝ ਦੀ ਥਾਂ ਬੇਜ਼ਾਨ ਉਦਮ ਲੈ ਲੈਂਦਾ ਹੈ ਅਤੇ ਖੋਜ, ਅਸਲ ਭਾਲ ਦੀ ਥਾਂ ਲੈ ਲੈਂਦੀ ਹੈ। ਇਥੇ ਇਹ ਸਪਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਕਿਸੇ ਹੋਰ ਥਾਂ ਟੋਇਆ ਪੁੱਟਣ ਦੀ ਲੋੜ ਨਹੀਂ ਬਲਕਿ ਜਿਥੇ ਟੋਇਆ ਪੁੱਟਿਆ ਹੈ, ਉਸ ਨੂੰ ਧੀਰਜ ਨਾਲ ਹੋਰ ਡੂੰਘਾ ਕਰਨ ਦੀ ਲੋੜ ਹੈ।

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਉਹ ਕਿਹੜਾ ਸ਼ਬਦ, ਕਿਹੜਾ ਗੁਣ, ਅਤੇ ਕਿਹੜੀ ਅਨਮੋਲ ਸਿੱਖਿਆ ਹੈ? ਇਹ ਭਾਵ ਉਸ ਵਿਧੀ ਦੀ ਤਾਂਘ ਨੂੰ ਦਰਸਾਉਂਦਾ ਹੈ ਜੋ ਉੱਚ ਚੇਤਨਾ ਤੱਕ ਪਹੁੰਚਣਾ ਯਕੀਨੀ ਬਣਾਵੇ।

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥
ਮੈਂ ਕਿਹੜਾ ਲਿਬਾਸ ਧਾਰਨ ਕਰਾਂ ਤਾਂ ਜੋ ਮੇਰੀ ਅੰਤਰੀਵੀ ਪ੍ਰਭੂਸੱਤਾ ਮੇਰੇ ਵੱਸ ਵਿਚ ਆ ਜਾਵੇ? ਇਹ ਭਾਵ ਉਸ ਬਿਰਹੋਂ ਨੂੰ ਦਰਸਾਉਂਦਾ ਹੈ ਜਿਸ ਵਿਚ ਮਨੁੱਖ ਆਪਣੀ ਅੰਤਰੀਵੀ ਅਵਸਥਾ ਨੂੰ ਇਸ ਤਰ੍ਹਾਂ ਬਦਲਣਾ ਚਾਹੁੰਦਾ ਹੈ ਕਿ ਉਸਦਾ ਮਨ ਏਕਮ ਸਤਾ ਨਾਲ ਇਕਸੁਰ ਹੋ ਜਾਵੇ।

ਤੱਤ: ਸ਼ੇਖ ਫ਼ਰੀਦ ਇਹ ਜਾਣਨ ਦੀ ਡੂੰਘੀ ਤਾਂਘ ਪ੍ਰਗਟ ਕਰਦੇ ਹਨ ਕਿ ਸਾਡੇ ਅੰਤਰੀਵੀ ਸੰਸਾਰ ਵਿਚ ਕਿਸ ਦਾ ਰੁਪਾਂਤ੍ਰਣ ਹੁੰਦਾ ਹੈ। ਉਹ ਵਿਛੋੜੇ ਦੀ ਭਾਵਨਾ ਤੋਂ ਉੱਪਰ ਉੱਠ ਕੇ ਉਸ ਅਵਸਥਾ ਤੱਕ ਪਹੁੰਚਣਾ ਚਾਹੁੰਦੇ ਹਨ ਜਿੱਥੇ ਵਿਚਾਰ, ਭਾਵਨਾਵਾਂ ਅਤੇ ਅਤੰਹਕਰਣ ਇਕ ਦੂਸਰੇ ਨਾਲ ਸਦਭਾਵਨਾ ਪੂਰਨ ਜੁੜ ਜਾਂਦੇ ਹਨ।

ਇਹ ਯਾਤਰਾ ਆਪਣੇ ਵਿਚਾਰਾਂ 'ਤੇ ਕਾਬੂ ਪਾ ਕੇ ਏਕਮ ਸਤਾ ਨੂੰ ਪ੍ਰਾਪਤ ਕਰਨ ਦੀ ਹੈ, ਉਹ ਅਵਸਥਾ ਜਿੱਥੇ ਸੰਪੂਰਨਤਾ ਦਾ ਵਾਸ ਹੋਵੇ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**